## PUNJAB SCHOOL EDUCATION BOARD

**List of Subject for which text books not prepared/ published by Board for Senior Secondary Classes**

| S.no | Subject |
|---|---|
| 1. | **Compulsory subjects**<br>1. Punjabi History and Culture |
| 2. | **Elective Subjects**<br>**(a) Humanities Group**<br>2. Economics<br>3. Business Organisation and Management<br>4. Book –Keeping and Accountancy<br>5. Political Science<br>6. Public Administration<br>7. Religion<br>8. Gurmat Sangeet<br>9. Dance ( Tabla)<br>10. Dance<br>11. Philosophy<br>12. Defence Studies<br>13. Psychology |
| 3. | **Commerce Group**<br>14. Business Studies II<br>15. Accountancy-II<br>16. Business Economics and Quantitative Methods –II<br>17. Fundamental of e- Business |
| 4. | **Agriculture Group**<br>18. Agriculture |

13-06-19

## ਪੰਜਾਬ ਸਕੂਲ ਸਿੱਖਿਆ ਬੋਰਡ

**ਪ੍ਰਾਈਵੇਟ ਪ੍ਰਕਾਸ਼ਕ ਵੱਲੋਂ ਬੋਰਡ ਦਫਤਰ ਨੂੰ ਰਿਕਮੈਂਡ ਕਰਨ ਲਈ ਦਿੱਤੀ ਜਾਣ ਵਾਲੀ ਪੁਸਤਕ ਤਿਆਰ ਕਰਨ ਲਈ ਮਾਪ-ਦੰਡ/ਗਾਈਡ ਲਾਈਨਜ਼:-**

1. ਪੁਸਤਕ ਵਿੱਚ ਹੇਠ ਦਰਸਾਏ ਅਨੁਸਾਰ ਲਾਜ਼ਮੀ ਤੌਰ ਤੇ ਸ਼ਾਮਿਲ ਕੀਤੀ ਜਾਣ ਵਾਲੀ ਸੂਚਨਾ:-

( i) ਪੁਸਤਕ ਦਾ ਐਡੀਸ਼ਨ (ਸੰਸਕਰਨ)

(ii) ਲੇਖਕ, ਵੈਟਰ, ਅਨੁਵਾਦਕ ਅਤੇ ਸੰਪਾਦਕ ਦੇ ਨਾਮ, ਉਨ੍ਹਾਂ ਦੀ ਵਿਦਿਅਕ ਯੋਗਤਾ ਅਤੇ ਮੌਜੂਦਾ ਅਹੁਦੇ ਸਮੇਤ ਸੰਪੂਰਨ ਜਾਣਕਾਰੀ

(iii) ਪ੍ਰਕਾਸ਼ਕ ਅਤੇ ਪ੍ਰਿੰਟਰ ਦਾ ਪੂਰਾ ਨਾਮ , ਐਡਰੈਸ (ਮੌਜੂਦਾ ਟੈਲੀਫੋਨ/ਮੋਬਾਈਲ ਫੋਨ ਨੰਬਰ ਅਤੇ ਈ.ਮੇਲ ਐਡਰੈਸ ਸਮੇਤ) ਅਤੇ ਪ੍ਰੈਸ ਦਾ ਰਜਿਸਟ੍ਰੇਸ਼ਨ ਨੰਬਰ

(iv) ਪੁਸਤਕ ਦੀ ਕੀਮਤ

2. ਪੁਸਤਕ/ਪੁਸਤਕਾਂ ਵਿੱਚ ਰਾਸ਼ਟਰੀ ਏਕਤਾ/ਧਾਰਮਿਕ ਭਾਵਨਾਵਾਂ/ਲਿੰਗ-ਭੇਦਭਾਵ/ਸਮਾਜਿਕ/ਨੈਤਿਕ ਕਦਰਾਂ ਕੀਮਤਾਂ ਆਦਿ ਨੂੰ ਠੇਸ ਪਹੁੰਚਾਉਣ ਵਾਲਾ ਜਾਤੀ ਸੂਚਕ/ਇਸਤਰੀ ਵਿਰੋਧੀ ਇਤਰਾਜ਼ਯੋਗ ਸਮੱਗਰੀ/ਟਿੱਪਣੀ/ਵਿਸ਼ਾ ਵਸਤੂ ਸ਼ਾਮਿਲ ਨਾ ਹੋਵੇ।

3. ਪੁਸਤਕ ਵਿੱਚ ਦਰਸਾਏ ਗਏ ਸਬੰਧਤ ਚਿੱਤਰਾਂ ਵਿੱਚ ਇਤਿਹਾਸਕ ਪੱਖ ਤੋਂ ਕੋਈ ਕਮੀ ਨਾ ਹੋਵੇ ਭਾਵ ਗਲਤ ਜਾਂ ਬੇਲੋੜੇ ਨਾ ਹੋਣ।

4. ਪੁਸਤਕ ਵਿੱਚ ਦਰਸਾਈ ਗਈ ਪਾਠ-ਸਮੱਗਰੀ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਅਨੁਸਾਰ ਹੋਵੇ।

5. ਪੁਸਤਕ ਵਿੱਚ ਕਿਸੇ ਪ੍ਰਕਾਰ ਦੀ ਕੋਈ ਧਾਰਮਿਕ/ਰਾਜਨੀਤਿਕ ਜਾਂ ਕਿਸੇ ਹੋਰ ਵਿਸ਼ੇ ਸਬੰਧੀ ਵੀ ਇਤਰਾਜ਼ਯੋਗ ਸਮੱਗਰੀ ਦਰਜ ਨਹੀਂ ਹੋਣੀ ਚਾਹੀਦੀ, ਜਿਸ ਨਾਲ ਉਲਾਰ/ਵਿਵਾਦ ਪੈਦਾ ਹੁੰਦਾ ਹੋਵੇ।

6. ਸਬੰਧਤ ਪੁਸਤਕ ਵਿੱਚ ਸ਼ਾਮਿਲ ਕੀਤੀ ਗਈ ਵਿਸ਼ਾ-ਵਸਤੂ ਜਾਂ ਪਾਠ ਸਮੱਗਰੀ ਦੇ ਪ੍ਰਮਾਨਿਕ ਸ੍ਰੋਤਾਂ ਦਾ ਹਵਾਲਾ ਦੇਣਾ ਲਾਜ਼ਮੀ ਹੋਵੇਗਾ।

------------------------

13-06-19